ਡਾਇਰੈਕਟੋਰੇਟ ਆਫ਼ ਸਪੋਰਟਸ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)

ਨੰ...1395.../ਡਸ
ਮਿਤੀ: 04.10.2017

ਪ੍ਰਿੰਸੀਪਲ ਸਾਹਿਬਾਨ
ਸਮੂਹ ਸੰਬੰਧਿਤ ਕਾਲਜ

ਵਿਸ਼ਾ: **ਸਰਬ ਭਾਰਤੀ ਅੰਤਰਵਰਸਿਟੀ BASEBALL (MEN & WOMEN) ਮੁਕਾਬਲਿਆਂ ਵਿਚ ਭਾਗ ਲੈਣ ਸਬੰਧੀ ਖਿਡਾਰੀਆਂ ਦੇ ਟਰਾਇਲਾਂ ਬਾਰੇ ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਸਰਬ ਭਾਰਤੀ ਅੰਤਰਵਰਸਿਟੀ **BASEBALL (MEN & WOMEN)** ਮੁਕਾਬਲਿਆਂ ਵਿਚ ਭਾਗ ਲੈਣ ਸਬੰਧੀ ਪੰਜਾਬੀ ਯੂਨੀਵਰਸਿਟੀ ਟੀਮਾਂ ਦੀ ਤਿਆਰੀ ਹਿੱਤ ਖਿਡਾਰੀ/ਖਿਡਾਰਣਾਂ ਦੇ ਟਰਾਇਲਜ਼ ਹੇਠ ਲਿਖੇ ਅਨੁਸਾਰ ਕਰਵਾਏ ਜਾ ਰਹੇ ਹਨ।

| GAME | DATE/TIME | VENUE |
|---|---|---|
| 1. BASEBALL (MEN & WOMEN) | DT: 17.10.2017 AT 08.30 A.M. | UNIVERSITY CAMPUS |

ਨੋਟ:

- ਟਰਾਇਲਾਂ ਵਿਚ ਭਾਗ ਲੈਣ ਵਾਲੇ ਖਿਡਾਰੀ/ਖਿਡਾਰਣਾਂ ਦਾ ਨਿਰਧਾਰਿਤ ਮਿਤੀ/ਸਮੇਂ ਅਨੁਸਾਰ ਨਿਸ਼ਚਿਤ ਸਥਾਨ ਵਿਖੇ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ ।
- ਟਰਾਇਲਾਂ ਵਿਚ ਭਾਗ ਲੈਣ ਵਾਲੇ ਖਿਡਾਰੀ/ਖਿਡਾਰਣਾਂ ਦਾ ਸਪੋਰਟਸ ਕਿੱਟ ਵਿਚ ਹੋਣਾ ਲਾਜ਼ਮੀ ਹੈ। ਖਿਡਾਰੀ ਕੋਲ ਕਾਲਜ ਵੱਲੋਂ ਜਾਰੀ ਸ਼ਨਾਖਤੀ ਕਾਰਡ ਅਤੇ ਯੋਗਤਾ ਪ੍ਰੋਫਾਰਮਾ (ਪ੍ਰਿੰਸੀਪਲ ਦੇ ਹਸਤਾਖਰਾਂ ਸਹਿਤ) ਹੋਣਾ ਲਾਜ਼ਮੀ ਹੈ।
- ਯੋਗਤਾ ਪ੍ਰੋਫਾਰਮੇ ਵਿਚ ਖਿਡਾਰੀ ਦਾ ਨਾਮ, ਪਿਤਾ ਅਤੇ ਮਾਤਾ ਦਾ ਨਾ ਅੰਗਰੇਜ਼ੀ (Capital Letters) ਅਤੇ ਪੰਜਾਬੀ ਵਿਚ ਕੰਪਿਊਟਰ ਦੁਆਰਾ ਟਾਈਪ ਕੀਤਾ ਹੋਣਾ ਲਾਜ਼ਮੀ ਹੈ। ਪ੍ਰੋਫਾਰਮੇ ਵਿਚ ਖਿਡਾਰੀਆਂ ਦਾ ਰਜਿਸਟ੍ਰੇਸ਼ਨ ਨੰਬਰ ਲਿਖਣਾ ਲਾਜ਼ਮੀ ਹੈ।
- ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਖਿਡਾਰੀ/ਖਿਡਾਰਣਾਂ ਦਾ ਆਪਣੇ ਨਾਲ 10ਵੀਂ, 10+2 ਅਤੇ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਅਸਲ ਸਰਟੀਫਿਕੇਟਸ ਸਮੇਤ ਫੋਟੋਸਟੇਟ ਕਾਪੀਆਂ ਅਤੇ ਦੋ ਤਾਜ਼ਾ ਫੋਟੋਆਂ ਨਾਲ ਲਿਆਉਣੇ ਲਾਜ਼ਮੀ ਹਨ। ਬਿਨਾਂ ਅਸਲ ਸਰਟੀਫਿਕੇਟਸ ਅਤੇ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਤੋਂ ਖਿਡਾਰੀ/ਖਿਡਾਰਣਾਂ ਨੂੰ ਟਰਾਇਲਾਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
- **ਸੰਬੰਧਿਤ ਕਾਲਜਾਂ ਵੱਲੋਂ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੈ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਤੋਂ ਬਿਨਾਂ ਖਿਡਾਰੀਆਂ ਨੂੰ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।**

ਕਿਰਪਾ ਕਰਕੇ ਉਪਰੋਕਤ ਸਬੰਧੀ ਜਾਣਕਾਰੀ ਆਪਣੇ ਕਾਲਜ ਦੇ ਖੇਡ ਇੰਚਾਰਜ਼ ਅਤੇ ਸੰਬੰਧਿਤ ਖਿਡਾਰੀਆਂ ਨੂੰ ਦੇਣ ਦੀ ਖੇਚਲ ਕਰਨੀ ਜੀ।

4/10/17

ਡਾਇਰੈਕਟਰ ਸਪੋਰਟਸ